ਕਾਲੇਜ ਬਾਊਂਡ (College Bound) ਕੀ ਹੁੰਦਾ ਹੈ?

collegebound.wa.gov
collegebound@wsac.wa.gov
888.535.0747 (ਵਿਕਲਪ 1)

ਮਿਡਲ ਸਕੂਲ ਦੇ ਵਿਦਿਆਰਥੀ: ਇੱਕ ਸਿਹਤ ਪੇਸ਼ੇਵਰ ਵਜੋਂ ਲੋਕਾਂ ਦੀ ਮਦਦ ਕਰਨਾ ਚਾਹੁੰਦੇ ਹੋ? ਸ਼ਾਨਦਾਰ ਚੀਜ਼ਾਂ ਬਣਾਉਣੀਆਂ ਹਨ? ਵੀਡੀਓ ਗੇਮਾਂ ਬਣਾਉਣੀਆਂ ਹਨ? ਆਪਣਾ ਖੁਦ ਦਾ ਕਾਰੋਬਾਰ ਸ਼ੁਰੂ ਕਰਨਾ ਹੈ? ਭਾਵੇਂ ਤੁਹਾਡਾ ਸੁਪਨਾ ਜੋ ਵੀ ਹੋਵੇ, ਕਾਲੇਜ ਬਾਊਂਡ (College Bound) ਇਸਨੂੰ ਪੂਰਾ ਕਰਨ ਵਿੱਚ ਤੁਹਾਡੀ ਮਦਦ ਕਰ ਸਕਦਾ ਹੈ! ਕਾਲੇਜ ਬਾਊਂਡ (College Bound) ਆਮਦਨੀ ਲਈ ਯੋਗ ਵਿਦਿਆਰਥੀਆਂ ਵਾਸਤੇ ਸਟੇਟ ਦੀ ਵਿੱਤੀ ਮਦਦ ਦੀ ਸਮੇਂ ਤੋਂ ਪਹਿਲਾਂ ਵਚਨਬੱਧਤਾ ਹੈ, ਜਿਵੇਂ ਕਿ Washington ਕਾਲਜ ਗ੍ਰਾਂਟ (Washington College Grant)। ਇਹ Washington ਵਿੱਚ 60 ਤੋਂ ਜ਼ਿਆਦਾ ਕਾਲੇਜਾਂ, ਯੂਨੀਵਰਸਿਟੀਆਂ, ਅਤੇ ਟੈਕਨਿਕਲ ਸਕੂਲਾਂ ਵਿਖੇ ਟਿਊਸ਼ਨ ਫੀਸ (ਪਬਲਿਕ ਕਾਲੇਜ ਦੀਆਂ ਕੀਮਤਾਂ 'ਤੇ), ਅਤੇ ਕਿਤਾਬਾਂ ਲਈ ਥੋੜ੍ਹੇ ਪੈਸੇ ਦੇਣ ਵਿੱਚ ਮਦਦ ਕਰਦਾ ਹੈ! ਕੀ ਤੁਸੀਂ ਕਾਲੇਜ ਬਾਊਂਡ (College Bound) ਹੋ?

ਕੌਣ ਯੋਗ ਹੁੰਦਾ ਹੈ?

ਤੁਸੀ ਸਵੈਚਲਤਿ ਤੌਰ 'ਤੇ ਸਾਈਨ ਅੱਪ ਹੋ ਜਾਂਦੇ ਹੋ ਜੇ:

- ਤੁਸੀ ਪਬਲਕਿ ਸਕੂਲ ਜਾਂਦੇ ਹੋ, ਆਮਦਨੀ ਲਈ ਯੋਗ ਹੋ (ਹੇਠਾਂ ਤਾਲਕਿਾ ਦੇਖੋ), ਅਤੇ 7ਵੇਂ, 8ਵੇਂ, ਜਾਂ 9ਵੇਂ ਗ੍ਰੇਡ ਵੱਚਿ ਨਵੇਂ ਯੋਗ ਬਣੇ ਵਦਿਆਿਰਥੀ ਵਜੋਂ, FRPL (free and reduced-price lunch, ਮੁਫ਼ਤ ਅਤੇ ਘੱਟ ਕੀਮਤ ਵਾਲੇ ਦੁਪਹਰਿ ਦੇ ਖਾਣੇ) ਲਈ ਸਾਈਨ ਅੱਪ ਕੀਤਾ ਹੈ, **ਜਾਂ**
- ਤੁਸੀ ਸਟੇਟ ਫੋਸਟਰ ਕੇਅਰ ਵੱਚਿ ਹੋ, ਜਾਂ 7ਵੇਂ ਗ੍ਰੇਡ ਅਤੇ ਹਾਈ ਸਕੂਲ ਗ੍ਰੈਜੂਏਸ਼ਨ ਦੇ ਵਚਿਕਾਰ ਰਾਜ ਦੇ ਨਰਿਭਰ ਵਦਿਆਿਰਥੀ ਹੋ।

ਜੇ ਤੁਸੀ FRPL ਲਈ ਪਾਤਰ ਬਣਦੇ ਹੋ, ਤਾਂ ਆਪਣੇ ਸਕੂਲ ਵਖਿ ਸਾਈਨ ਅੱਪ ਕਰੋ। ਤੁਹਾਨੂੰ ਸਵੈਚਲਤਿ ਤੌਰ 'ਤੇ ਕਾਲੇਜ ਬਾਊਂਡ (College Bound) ਵੱਚਿ ਭਰਤੀ ਕੀਤਾ ਜਾਵੇਗਾ। ਅੱਜ ਹੀ ਆਪਣੇ ਕਾਊਂਸਲਰ ਨੂੰ ਪੁੱਛੋ!

2026-27 ਆਮਦਨੀ ਸਬੰਧੀ ਦਿਸ਼ਾ-ਨਿਰਦੇਸ਼

ਪਰਵਿਾਰਕ ਮੈਂਬਰਾਂ ਦੀ ਗਣਿਤੀ	ਸਾਲਾਨਾ ਆਮਦਨ[1]	ਮਹੀਨਾਵਾਰ ਆਮਦਨ	ਹਫ਼ਤਾਵਾਰ ਆਮਦਨ
2	$40,034	$3,337	$770
3	$50,542	$4,212	$972
4	$61,050	$5,088	$1,175
5	$71,558	$5,964	$1,377
6	$82,066	$6,839	$1,579
ਵਾਧੂ ਮੈਂਬਰ[2]	ਜੋੜੋ $10,508	ਜੋੜੋ $876	ਜੋੜੋ $203

[1] ਪਰਵਿਾਰਕ ਮੈਂਬਰਾਂ ਦੀ ਆਮਦਨ ਇਸ ਰਕਮ ਤੋਂ ਘੱਟ ਜਾਂ ਬਰਾਬਰ ਹੋਣੀ ਚਾਹੀਦੀ ਹੈ।
[2] ਹਰੇਕ ਵਾਧੂ ਪਰਵਿਾਰਕ ਮੈਂਬਰ ਲਈ, ਡਾਲਰ ਦੀ ਰਕਮ ਜੋੜੋ।

ਪਾਤਰ ਬਣਨ ਦੇ ਹੋਰ ਤਰੀਕੇ:

ਅਪਲਾਈ ਕਰਨ ਲਈ ਸਾਡੇ ਦਫ਼ਤਰ ਨਾਲ ਸੰਪਰਕ ਕਰੋ ਜੇ ਤੁਸੀ:

- WA ਵੱਚਿ ਇੱਕ ਪ੍ਰਾਈਵੇਟ ਸਕੂਲ ਜਾਂਦੇ ਹੋ ਜਾਂ ਘਰੇਲੂ ਪੜ੍ਹਾਈ ਕਰਦੇ ਹੋ ਅਤੇ ਆਮਦਨੀ ਦੀਆਂ ਸੀਮਾਵਾਂ ਪੂਰੀਆਂ ਕਰਦੇ ਹੋ, **ਜਾਂ**
- ਕਸਿੇ ਹੋਰ ਤਰ੍ਹਾਂ ਦੀ ਫੋਸਟਰ ਕੇਅਰ ਵੱਚਿ ਹੋ ਅਤੇ FRPL ਲਈ ਆਮਦਨੀ ਅਨੁਸਾਰ ਯੋਗ ਹੋ।

ਯੋਗ ਕਵਿੇਂ ਬਣੇ ਰਹਣਿਾ ਹੈ:

ਪ੍ਰੋਗਰਾਮ ਦੀਆਂ ਲੋੜਾਂ:

- WA ਹਾਈ ਸਕੂਲ ਤੋਂ ਗ੍ਰੈਜੂਏਟ ਹੋਵੋ, ਘਰੇਲੂ ਪੜ੍ਹਾਈ ਪੂਰੀ ਕਰੋ ਜਾਂ WA ਵੱਚਿ GED (General Educational Development, ਸਾਧਾਰਨ ਸੱਖਿਆ ਵਕਿਾਸ) ਪ੍ਰਾਪਤ ਕਰੋ।
- ਜੇ ਹਾਈ ਸਕੂਲ ਤੋਂ ਬਾਅਦ ਸੱਧਿਾ ਚਾਰ-ਸਾਲ ਲਈ ਕਾਲੇਜ ਜਾ ਰਹੇ ਹੋ ਤਾਂ ਘੱਟੋ-ਘੱਟ 2.0 GPA (Grade Point Average, ਗ੍ਰੇਡ ਪੌਇੰਟ ਔਸਤ) ਕਮਾਓ (ਜੇ ਕੋਈ ਕਮਊਿਨਟਿੀ ਜਾਂ ਟੈਕਨਕਿਲ ਕਾਲੇਜ ਜਾ ਰਹੇ ਹੋ ਤਾਂ GPA ਸਬੰਧੀ ਕੋਈ ਜ਼ਰੂਰਤ ਨਹੀਂ ਹੈ)।
- ਕੋਈ ਗੁੰਡਾਗਰਦੀ ਦਾ ਦੋਸ਼ ਨਹੀਂ ਹੈ।
- ਹਾਈ ਸਕੂਲ ਗ੍ਰੈਜੂਏਸ਼ਨ ਤੋਂ ਇੱਕ ਸਾਲ ਦੇ ਅੰਦਰ WA ਦੇ ਕਸਿੇ ਯੋਗ ਕਾਲਜ ਜਾਂ ਕਰੀਅਰ ਸਕੂਲ (ਜਸਿ ਵੱਚਿ 60 ਤੋਂ ਵੱਧ ਸਕੂਲ ਹਨ!) ਵੱਚਿ ਦਾਖ਼ਲਾ ਲਵੋ ਅਤੇ ਆਪਣੀ ਅਕਾਦਮਕਿ ਸਥਤਿੀ ਠੀਕ ਰੱਖੋ।

ਧਆਿਨ ਦਓਿ: ਕਾਲੇਜ ਵੱਚਿ ਦਾਖ਼ਲੇ ਤੋਂ ਬਾਅਦ ਛੇ ਸਾਲਾਂ ਤਕ ਜਾਂ ਜਦੋਂ ਤਕ ਤੁਸੀ ਬੈਚਲਰ ਡਗਿਰੀ ਨਹੀਂ ਲੈ ਲੈਂਦੇ, ਜੋ ਵੀ ਪਹਲਿਾਂ ਹੋਵੇ, ਕਾਲੇਜ ਬਾਊਂਡ (College Bound) ਦੀ ਵਰਤੋਂ ਕੀਤੀ ਜਾ ਸਕਦੀ ਹੈ।

ਮੈਨੂੰ ਇਹ ਕਿਵੇਂ ਪਤਾ ਲੱਗੇਗਾ ਕਿ ਮੈਂ ਇੱਕ ਕਾਲੇਜ ਬਾਊਂਡ (College Bound) ਵਿਦਿਆਰਥੀ ਹਾਂ?

ਤੁਹਾਨੂੰ ਡਾਕ ਜਾਂ ਈਮੇਲ ਵਿੱਚ ਤਾਜ਼ਾ ਜਾਣਕਾਰੀ ਮਿਲੇਗੀ। ਜੇ ਤੁਸੀਂ ਆਪਣਾ ਫ਼ੋਨ ਨੰਬਰ ਜਾਂ ਡਾਕ ਪਤਾ ਬਦਲਦੇ ਹੋ, ਤਾਂ ਸਾਡੇ ਦਫ਼ਤਰ ਨਾਲ ਸੰਪਰਕ ਕਰੋ ਤਾਂ ਜੋ ਤੁਸੀਂ ਕਿਸੇ ਤਾਜ਼ਾ ਜਾਣਕਾਰੀ ਨੂੰ ਖੁੰਝਾ ਨਾ ਦਿਓ।

ਮੈਨੂੰ ਫੰਡ ਕਿਵੇਂ ਮਿਲਣਗੇ?

- ਆਪਣੇ ਸੀਨੀਅਰ ਸਾਲ ਵਿੱਚ (ਅਤੇ ਕਾਲੇਜ ਵਿੱਚ ਹਰ ਸਾਲ) ਵਿੱਤੀ ਮਦਦ ਲਈ ਅਰਜ਼ੀ ਦਾਇਰ ਕਰੋ।
- ਆਮਦਨ ਅਤੇ ਰਾਜ ਨਿਵਾਸ ਦੀਆਂ ਜ਼ਰੂਰਤਾਂ ਨੂੰ ਪੂਰਾ ਕਰੋ।
- ਕਿਸੇ ਯੋਗ WA ਕਾਲੇਜ ਜਾਂ ਕਰੀਅਰ ਸਕੂਲ ਵਿੱਚ ਦਾਖ਼ਲਾ ਲਵੋ ਅਤੇ ਵਧੀਆ ਪਦਵੀ ਰੱਖੋ। ਲਗਭਗ 60 ਸੰਸਥਾਵਾਂ ਭਾਗ ਲੈ ਰਹੀਆਂ ਹਨ!

ਕਾਲਜ ਬਾਊਂਡ (College Bound) Washington ਵਿਦਿਆਰਥੀ ਪ੍ਰਾਪਤੀ ਕੌਂਸਲ (Washington Student Achievement Council) ਵੱਲੋਂ ਚਲਾਇਆ ਜਾਣ ਵਾਲਾ ਪ੍ਰੋਗਰਾਮ ਹੈ।

WASHINGTON STUDENT ACHIEVEMENT COUNCIL
EDUCATION · OPPORTUNITY · RESULTS